# ਵਰਲਡ ਪੰਜਾਬੀ ਟਾਈਮਜ਼
WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162

Epaper World Punjabi Times | 07 ਨਵੰਬਰ 2025 ਦਿਨ ਸ਼ੁੱਕਰਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਭੋਗ 'ਤੇ ਵਿਸ਼ੇਸ਼-ਮਾਨਵਤਾ ਦੀ ਮੂਰਤ ਸਨ ਜਸਪਾਲ ਕੌਰ ਅਨੰਤ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ



ਸਰੀ: 7 ਨਵੰਬਰ : ਮਾਨਵਤਾ, ਸੇਵਾ ਤੇ ਸਨੇਹ ਦੀ ਮੂਰਤ ਜਸਪਾਲ ਕੌਰ ਅਨੰਤ 2 ਨਵੰਬਰ 2025 ਦੀ ਸ਼ਾਮ ਨੂੰ ਇਸ ਸੰਸਾਰਿਕਯਾਤਰਾ ਨੂੰ ਅਲਵਿਦਾ ਕਹਿ ਗਏ। ਉਹ ਇਕ ਅਜਿਹੀ ਸ਼ਖ਼ਸੀਅਤ ਸਨ ਜਿਨ੍ਹਾਂ ਨੇ ਸਾਰੀ ਉਮਰ ਸਿੱਖ ਸੋਚ, ਮਨੁੱਖਤਾ ਦੀ ਸੇਵਾ, ਸੱਚਾਈ ਅਤੇ ਨਿਸਵਾਰਥ ਪਿਆਰ ਦੇ ਸਿਧਾਂਤਾਂ 'ਤੇ ਚਲਦਿਆਂ ਇਕ ਆਦਰਸ਼ ਜੀਵਨ ਬਿਤਾਇਆ।

ਜਸਪਾਲ ਕੌਰ ਅਨੰਤ ਦਾ ਜਨਮ 24 ਅਕਤੂਬਰ 1952 ਨੂੰ ਲੁਧਿਆਣਾ ਵਿਖੇ ਸ. ਜਗਤ ਸਿੰਘ ਕੋਹਲੀ ਦੇ ਘਰ ਹੋਇਆ। ਉਨ੍ਹਾਂ ਨੇ 1971 ਵਿੱਚ ਕਮਰਸ਼ੀਅਲ ਪ੍ਰੈਕਟਿਸ ਵਿਚ ਡਿਪਲੋਮਾ ਅਤੇ 1976 ਵਿੱਚ ਪੋਲੀਟੈਕਨਿਕ ਕਾਲਜ ਫਾਰ ਵੋਮੈਨ, ਚੰਡੀਗੜ੍ਹ ਤੋਂ ਐਮ.ਕਾਮ ਦੀ ਡਿਗਰੀ ਪ੍ਰਾਪਤ ਕੀਤੀ। ਉਨ੍ਹਾਂ ਨੇ ਗਵਰਨਮੈਂਟ ਵੂਮਨ ਪੋਲੀਟੈਕਨਿਕ ਕਾਲਜ, ਚੰਡੀਗੜ੍ਹ ਵਿਚ ਲੰਬੇ ਸਮੇਂ ਤੱਕ ਨਿਭਾਈ ਸੇਵਾ ਦੌਰਾਨ ਅਣਗਿਣਤ ਵਿਦਿਆਰਥਣਾਂ ਨੂੰ ਜ਼ਿੰਦਗੀ ਦੀ ਸੇਧ ਦਿੱਤੀ। ਸੇਵਾ ਮੁਕਤੀ ਵੇਲੇ ਉਹ 'ਹੈਡ ਆਫ ਡਿਪਾਰਟਮੈਂਟ' ਦੇ ਅਹੁਦੇ 'ਤੇ ਸਨ — ਇਕ ਅਹੁਦਾ ਜੋ ਉਨ੍ਹਾਂ ਦੀ ਨਿਸ਼ਠਾ ਅਤੇ ਯੋਗਤਾ ਦਾ ਪ੍ਰਤੀਕ ਸੀ।

ਉਨ੍ਹਾਂ ਦਾ ਵਿਆਹ 15 ਅਕਤੂਬਰ 1972 ਨੂੰ ਪ੍ਰਸਿੱਧ ਫੋਟੋਗ੍ਰਾਫਰ, ਲੋਕ ਸੰਪਰਕ ਅਧਿਕਾਰੀ ਅਤੇ ਸਾਹਿਤਕਾਰ ਸ. ਜੈਤੇਗ ਸਿੰਘ ਅਨੰਤ ਨਾਲ ਹੋਇਆ। ਦੋਵੇਂ ਜੀਵਨ ਸਾਥੀਆਂ ਨੇ ਮਿਲ ਕੇ ਕਲਾ, ਸਿੱਖੀ ਅਤੇ ਸੇਵਾ ਦੀ ਰਾਹ 'ਤੇ ਅਦਭੁਤ ਯਾਤਰਾ ਕੀਤੀ। 1997 ਵਿੱਚ ਦੋਵੇਂ ਕਨੇਡਾ ਆ ਵਸੇ ਅਤੇ ਆਪਣੀ ਮਿਹਨਤ, ਸਿਦਕ ਤੇ ਮਾਣ ਨਾਲ ਪੰਜਾਬੀ ਸਮਾਜ ਵਿਚ ਵਿਸ਼ੇਸ਼ ਸਥਾਨ ਬਣਾਇਆ।

ਉਹਨਾਂ ਦੇ ਘਰ ਹਮੇਸ਼ਾ ਕਲਾਕਾਰਾਂ, ਫੋਟੋਗ੍ਰਾਫਰਾਂ, ਲੇਖਕਾਂ ਤੇ ਵਿਦਵਾਨਾਂ ਦੀਆਂ ਰੌਣਕਾਂ ਲੱਗੀਆਂ ਰਹਿੰਦੀਆਂ ਸਨ। ਜਸਪਾਲ ਕੌਰ ਅਨੰਤ ਹਰ ਆਏ ਮਹਿਮਾਨ ਦਾ ਖੁਸ਼ਦਿਲੀ ਨਾਲ ਸਵਾਗਤ ਕਰਦੇ ਸਨ – ਮਹਿਮਾਨ ਨਿਵਾਜੀ ਉਨ੍ਹਾਂ ਦਾ ਪ੍ਰਮੁੱਖ ਗੁਣ ਸੀ। ਗਰੀਬਾਂ ਦੀ ਸੇਵਾ ਕਰਨਾ, ਹੋਰਨਾਂ ਦਾ ਦੁੱਖ ਸਾਂਝਾ ਕਰਨਾ ਅਤੇ ਹਰ ਕਿਸੇ ਨੂੰ ਪਿਆਰ ਨਾਲ ਮਿਲਣਾ ਉਨ੍ਹਾਂ ਦੀ ਵਿਸ਼ੇਸ਼ ਪਹਿਚਾਣ ਸੀ। ਉਨ੍ਹਾਂ ਦੇ ਜੀਵਨ ਦੀ ਇਕ ਅਦੁੱਤੀ ਮਿਸਾਲ ਇਹ ਸੀ ਕਿ ਭਾਰਤ ਵਿੱਚ ਉਨ੍ਹਾਂ ਦੇ ਘਰ ਕੰਮ ਕਰਨ ਵਾਲੀ ਊਸ਼ਾ ਅਤੇ ਉਸ ਦੇ ਪਿਤਾ ਨੂੰ ਉਨ੍ਹਾਂ ਨੇ ਪਰਿਵਾਰਕ ਮੈਂਬਰ ਵਾਂਗ ਪਿਆਰ ਦਿੱਤਾ। ਕਨੇਡਾ ਆ ਕੇ ਵੀ ਉਨ੍ਹਾਂ ਨੂੰ ਵਿਸਾਰਿਆ ਨਹੀਂ, ਸਗੋਂ ਜੀਵਨ ਦੇ ਅੰਤ ਤੱਕ ਉਹਨਾਂ ਨੂੰ ਹਰ ਮਹੀਨੇ 5000 ਰੁਪਏ ਪੈਨਸ਼ਨ ਭੇਜਦੇ ਰਹੇ। ਇਹ ਉਨ੍ਹਾਂ ਦੀ ਮਾਨਵਤਾ ਅਤੇ ਕਰੁਣਾ ਦਾ ਜਿਉਂਦਾ ਜਾਗਦਾ ਪ੍ਰਤੀਕ ਸੀ।

ਆਪਣੇ ਪਤੀ ਪ੍ਰਸਿੱਧ ਵਿਦਵਾਨ ਜੈਤੇਗ ਸਿੰਘ ਅਨੰਤ ਦਾ ਹਰ ਕੰਮ ਵਿੱਚ ਉਹਨਾਂ ਨੇ ਪੂਰਨ ਸਹਿਯੋਗ ਦਿੱਤਾ ਅਤੇ ਪਰਿਵਾਰ ਦੀ ਜ਼ਿੰਮੇਵਾਰੀ ਸੰਭਾਲਦਿਆਂ ਹੋਇਆਂ ਜੈਤੇਗ ਸਿੰਘ ਅਨੰਤ ਨੂੰ ਉਹਨਾਂ ਦੇ ਕਲਾ ਅਤੇ ਲਿਖਣ ਦੇ ਕਾਰਜ ਵਿੱਚ ਬੇਹਦ ਸਾਥ ਦਿੱਤਾ। ਜਿਸ ਦੀ ਬਦੌਲਤ ਹੀ ਸ. ਜੈਤੇਗ ਸਿੰਘ ਅਨੰਤ ਪੰਜਾਬੀ ਸਾਹਿਤ ਦੀ ਝੋਲੀ ਵਿੱਚ ਵੀ ਮੁੱਲਵਾਨ 20 ਕਿਤਾਬਾਂ ਦਾ ਯੋਗਦਾਨ ਪਾ ਸਕੇ ਹਨ। ਸ. ਜੈਤੇਗ ਸਿੰਘ ਅਨੰਤ 2018 ਤੋਂ ਗੁਰਦਿਆਂ ਦੀ ਬੀਮਾਰੀ ਤੋਂ ਪੀੜਤ ਹਨ ਅਤੇ ਜਸਪਾਲ ਕੌਰ ਅਨੰਤ ਨੇ ਸਾਢੇ ਸੱਤ ਸਾਲਾਂ ਉਨ੍ਹਾਂ ਦੀ ਹਰ ਤਕਲੀਫ਼ ਨੂੰ ਆਪਣੇ ਪਿਆਰ ਅਤੇ ਸੇਵਾ ਨਾਲ ਰਾਹਤ ਪ੍ਰਦਾਨ ਕਰਵਾਈ। ਉਹ ਰੱਬ ਦੀ ਰਜ਼ਾ ਵਿਚ ਰਹਿਣ ਵਾਲੀ, ਸਹਿਣਸ਼ੀਲ ਅਤੇ ਦ੍ਰਿੜ ਮਨ ਵਾਲੀ ਸ਼ਖ਼ਸੀਅਤ ਸਨ।

ਉਨ੍ਹਾਂ ਦੇ ਵਿਛੋੜੇ ਉੱਤੇ ਸਾਬਕਾ ਚੇਅਰਮੈਨ ਕੌਮੀ ਘੱਟ ਗਿਣਤੀ ਕਮਿਸ਼ਨ ਤਰਲੋਚਨ ਸਿੰਘ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਡਾ. ਬਲਕਾਰ ਸਿੰਘ, ਨਾਮਧਾਰੀ ਸੰਸਥਾ ਦੇ ਮੁਖੀ ਠਾਕੁਰ ਦਲੀਪ ਸਿੰਘ, ਵਰਲਡ ਸਿੱਖ ਆਰਗਨਾਈਜੇਸ਼ਨ ਕਨੇਡਾ ਦੇ ਫਾਊਂਡਰ ਗਿਆਨ ਸਿੰਘ ਸੰਧੂ, ਭਾਈ ਰਣਧੀਰ ਸਿੰਘ ਟਰੱਸਟ ਯੂਕੇ ਦੇ ਭਾਈ ਜੁਝਾਰ ਸਿੰਘ, ਗੁਰਦੁਆਰਾ ਸਾਹਿਬ ਬਰੁੱਕਸਾਈਡ ਸਰੀ ਦੇ ਸਾਬਕਾ ਪ੍ਰਧਾਨ ਸੁਰਿੰਦਰ ਸਿੰਘ ਜੱਬਲ, ਸੇਵਾ ਮੁਕਤ ਲੋਕ ਸੰਪਰਕ ਅਧਿਕਾਰੀ (ਪਟਿਆਲਾ) ਉਜਾਗਰ ਸਿੰਘ, ਪੰਜਾਬ ਯੂਨੀਵਰਸਿਟੀ ਲਾਹੌਰ ਦੇ ਪ੍ਰੋਫ਼ੈਸਰ ਡਾ. ਕਲਿਆਣ ਸਿੰਘ, ਖਾਲਸਾ ਕਾਲਜ ਅੰਮ੍ਰਿਤਸਰ ਦੇ ਡਾ. ਸੁਖਪਾਲ ਸਿੰਘ ਉਦੋਕੇ, ਬਿਜਲੀ ਬੋਰਡ ਦੇ ਸਾਬਕਾ ਚੀਫ ਇੰਜੀਨੀਅਰ ਜੋਤਿੰਦਰ ਸਿੰਘ, ਹਰਦਮ ਸਿੰਘ ਮਾਨ, ਗੁਰਚਰਨ ਸਿੰਘ ਟੱਲੇਵਾਲੀਆ, ਨਾਵਅਕਾਰ ਜਰਨੈਲ ਸਿੰਘ ਸੇਖਾ ਅਤੇ ਜਰਨੈਲ ਸਿੰਘ ਸਿੱਧੂ ਨੇ ਸ. ਜੈਤੇਗ ਸਿੰਘ ਅਨੰਤ ਨਾਲ ਡੂੰਘੀ ਹਮਦਰਦੀ ਪ੍ਰਗਟ ਕੀਤੀ ਹੈ।

ਮਰਹੂਮ ਜਸਪਾਲ ਕੌਰ ਅਨੰਤ ਦਾ ਅੰਤਿਮ ਸੰਸਕਾਰ 9 ਨਵੰਬਰ 2025 ਨੂੰ ਦੁਪਹਿਰ 12:30 ਵਜੇ ਫਾਈਵ ਰਿਵਰ ਫਿਊਨਰਲ ਹੋਮ, ਡੈਲਟਾ ਵਿੱਚ ਹੋਵੇਗਾ। ਭੋਗ ਤੇ ਅੰਤਿਮ ਅਰਦਾਸ ਗੁਰਦੁਆਰਾ ਬਰੁੱਕਸਾਈਡ ਸਾਹਿਬ, ਸਰੀ ਵਿਖੇ ਬਾਅਦ ਦੁਪਹਿਰ 2:30 ਵਜੇ ਹੋਵੇਗੀ।

## ਉੱਘੇ ਪੱਤਰਕਾਰ ਅਜੈਬ ਸਿੰਘ ਔਜਲਾ ਨੂੰ 'ਲਾਈਫ਼-ਟਾਈਮ ਅਚੀਵਮੈਂਟ ਐਵਾਰਡ'; ਪੱਤਰਕਾਰ ਕਰਮਜੀਤ ਸਿੰਘ ਚਿੱਲਾ ਨੂੰ 'ਵਿਸ਼ੇਸ਼ ਸਾਹਿਤਕ ਪੱਤਰਕਾਰੀ ਐਵਾਰਡ', ਸੁਰਜੀਤ ਸੁਮਨ ਨੂੰ 'ਸਾਹਿਤਕ ਪੱਤਰਕਾਰੀ ਦੀ ਸੱਜਰੀ ਉਮੀਦ ਐਵਾਰਡ' ਅਤੇ ਉੱਭਰਦੇ ਗ਼ਜ਼ਲਗੋ ਵਿੰਦਰ ਮਾਝੀ ਨੂੰ 'ਸਿਰੀ ਰਾਮ ਅਰਸ਼ ਯਾਦਗਾਰੀ ਯੁਵਾ ਗ਼ਜ਼ਲਗੋ ਐਵਾਰਡ' ਨਾਲ ਕੀਤਾ ਜਾਵੇਗਾ ਸਨਮਾਨਿਤ:- ਭਗਤ ਰਾਮ ਰੰਗਾੜਾ।

ਵਰਲਡ ਪੰਜਾਬੀ ਟਾਈਮਜ਼ ਅੰਜੂ ਅਮਨਦੀਪ ਗਰੋਵਰ



ਚੰਡੀਗੜ੍ਹ, 7 ਨਵੰਬਰ : ਪੰਜਾਬੀ ਮਾਂ ਬੋਲੀ ਮਹੀਨੇ ਦੇ ਸਬੰਧ ਵਿੱਚ ਕਵੀ ਮੰਚ (ਰਜਿ:) ਮੋਹਾਲੀ ਅਤੇ ਵਿਸ਼ਵ ਪੰਜਾਬੀ ਸਾਹਿਤਕ ਵਿਚਾਰ ਮੰਚ (ਰਜਿ:) ਮੋਹਾਲੀ ਵੱਲੋਂ ਸੈਣੀ ਭਵਨ ਸੈਕਟਰ-24 ਚੰਡੀਗੜ੍ਹ ਵਿਖੇ 8 ਨਵੰਬਰ ਨੂੰ ਕਰਵਾਏ ਜਾ ਰਹੇ ਸਮਾਗਮ ਵਿੱਚ ਉੱਘੇ ਸੀਨੀਅਰ ਪੱਤਰਕਾਰ ਅਜੈਬ ਸਿੰਘ ਔਜਲਾ ਨੂੰ ਉਹਨਾਂ ਵੱਲੋਂ ਪੰਜਾਬੀ ਮਾਂ ਬੋਲੀ, ਸਾਹਿਤ, ਸੱਭਿਆਚਾਰ ਅਤੇ ਨਿਰਪੱਖ ਪੰਜਾਬੀ ਪੱਤਰਕਾਰੀ ਦੇ ਖੇਤਰ ਵਿੱਚ ਪਾਏ ਪੂਰਨਿਆਂ ਲਈ ਅਤੇ ਸਥਾਪਿਤ ਕੀਤੇ ਕੀਰਤੀਮਾਨਾਂ ਲਈ ਲਾਈਫ਼-ਟਾਈਮ ਅਚੀਵਮੈਂਟ ਐਵਾਰਡ ਨਾਲ ਸਨਮਾਨਿਤ ਕੀਤਾ ਜਾਵੇਗਾ। ਇਸ ਤੋਂ ਇਲਾਵਾ ਉੱਘੇ ਪੱਤਰਕਾਰ ਕਰਮਜੀਤ ਸਿੰਘ ਚਿੱਲਾ ਨੂੰ "ਵਿਸ਼ੇਸ਼ ਸਾਹਿਤਕ ਪੱਤਰਕਾਰੀ ਐਵਾਰਡ"; ਸੁਰਜੀਤ ਸੁਮਨ ਨੂੰ "ਸਾਹਿਤਕ ਪੱਤਰਕਾਰੀ ਦੀ ਸੱਜਰੀ ਉਮੀਦ ਐਵਾਰਡ ਅਤੇ ਉੱਭਰਦੇ ਗ਼ਜ਼ਲਗੋ ਵਿੰਦਰ ਮਾਂਝੀ ਨੂੰ ਉਨ੍ਹਾਂ ਵੱਲੋਂ ਪੰਜਾਬੀ ਸਾਹਿਤ ਦੀ ਸੇਵਾ ਵਿੱਚ ਪਾਏ ਯੋਗਦਾਨ ਅਤੇ ਉੱਘੇ ਸਾਹਿਤਕਾਰ ਅਤੇ ਉਸਤਾਦ ਗ਼ਜ਼ਲਗੋ ਸ੍ਰੀ ਸਿਰੀ ਰਾਮ ਅਰਸ਼ ਜੀ ਦੇ ਆਖਰੀ ਸਮੇਂ ਉਨ੍ਹਾਂ ਵੱਲੋਂ ਕੀਤੀਆਂ ਸੇਵਾਵਾਂ ਲਈ "ਸਿਰੀ ਰਾਮ ਅਰਸ਼ ਯਾਦਗਾਰੀ ਯੁਵਾ ਗ਼ਜ਼ਲਗੋ ਐਵਾਰਡ" ਨਾਲ ਸਨਮਾਨਿਤ ਕੀਤਾ ਜਾਵੇਗਾ। ਸ੍ਰੀ ਭਗਤ ਰਾਮ ਰੰਗਾੜਾ ਪ੍ਰਧਾਨ ਕਵੀ ਮੰਚ ਮੁਹਾਲੀ ਅਤੇ ਇੰਜੀ: ਜਸਪਾਲ ਸਿੰਘ ਦੇਸੂਵੀ ਪ੍ਰਧਾਨ, ਵਿਸ਼ਵ ਪੰਜਾਬੀ ਸਾਹਿਤਕ ਵਿਚਾਰ ਮੰਚ (ਰਜਿ:) ਮੋਹਾਲੀ ਨੇ ਦੱਸਿਆ ਕਿ ਇਹ ਸਮਾਗਮ 8 ਨਵੰਬਰ ਦਿਨ ਸ਼ਨੀਵਾਰ ਨੂੰ ਸੈਣੀ ਭਵਨ ਸੈਕਟਰ-24 ਚੰਡੀਗੜ੍ਹ ਵਿਖੇ ਆਯੋਜਿਤ ਕੀਤਾ ਜਾ ਰਿਹਾ ਹੈ ਜਿਸ ਵਿੱਚ ਸ੍ਰੀ ਦੀਪਕ ਸ਼ਰਮਾ ਚਨਾਰਥਲ ਮੌਜੂਦਾ ਪੰਜਾਬੀ ਪੱਤਰਕਾਰੀ ਦੀਆਂ ਚੁਣੌਤੀਆਂ ਅਤੇ ਭਵਿੱਖ ਵਿਸ਼ੇ ਤੇ ਆਪਣੇ ਵਿਚਾਰ ਰੱਖਣਗੇ। ਅੰਤ ਵਿੱਚ ਕਵੀ ਦਰਬਾਰ ਕਰਵਾਇਆ ਜਾਵੇਗਾ ਜਿਸ ਵਿੱਚ ਉੱਘੇ ਕਵੀ ਅਤੇ ਨਵੀਆਂ ਕਲਮਾਂ ਸ਼ਾਮਲ ਹੋਣਗੀਆਂ।

## ਡਿਪਟੀ ਕਮਿਸ਼ਨਰ ਤੇ ਐਸਐਸਪੀ ਨੇ ਪਰਾਲੀ ਦੇ ਮੁਕੰਮਲ ਹੱਲ ਲਈ ਕੀਤਾ ਵੱਖ-ਵੱਖ ਪਿੰਡਾਂ ਦਾ ਦੌਰਾ

### ਕਿਸਾਨਾਂ ਨੂੰ ਪਰਾਲੀ ਦੀ ਸੰਭਾਲ ਲਈ ਕੀਤਾ ਉਤਸ਼ਾਹਿਤ ਪਰਾਲੀ ਨੂੰ ਅੱਗ ਨਾ ਲਗਾਉਣ ਵਾਲੇ ਕਿਸਾਨ ਕੁਲਦੀਪ ਸਿੰਘ ਦੀ ਕੀਤੀ ਸ਼ਲਾਘਾ

ਵਰਲਡ ਪੰਜਾਬੀ ਟਾਈਮਜ਼ ਗੁਰਪ੍ਰੀਤ ਚਹਿਲ



ਬਠਿੰਡਾ 7 ਨਵੰਬਰ : ਡਿਪਟੀ ਕਮਿਸ਼ਨਰ ਸ੍ਰੀ ਰਾਜੇਸ਼ ਧੀਮਾਨ ਤੇ ਐਸ.ਐਸ.ਪੀ. ਅਮਨੀਤ ਕੌਂਡਲ ਨੇ ਜ਼ਿਲ੍ਹੇ ਦੇ ਪਿੰਡ ਬੁੱਚੋ ਕਲਾਂ, ਪੂਹਲੀ ਤੇ ਪੂਹਲਾ ਸਮੇਤ ਅਤੇ ਹੋਰ ਵੱਖ-ਵੱਖ ਪਿੰਡਾਂ ਦੇ ਖੇਤਾਂ ਦਾ ਦੌਰਾ ਕਰਕੇ ਝੋਨੇ ਦੀ ਪਰਾਲੀ ਦੀ ਸੁਚੱਜੀ ਸਾਂਭਸੰਭਾਲ ਦੇ ਮੱਦੇਨਜ਼ਰ ਕਿਸਾਨਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਨੂੰ ਪਰਾਲੀ ਪ੍ਰਬੰਧਨ ਲਈ ਜਿੱਥੇ ਉਤਸ਼ਾਹਿਤ ਕੀਤਾ ਉੱਥੇ ਹੀ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਵੀ ਸੁਣਿਆ।ਡਿਪਟੀ ਕਮਿਸ਼ਨਰ ਸ੍ਰੀ ਰਾਜੇਸ਼ ਧੀਮਾਨ ਨੇ ਪਿੰਡਾਂ ਦੇ ਕਿਸਾਨਾਂ ਨਾਲ ਖੇਤਾਂ ਵਿੱਚ ਜਾ ਕੇ ਗੱਲਬਾਤ ਕਰਦਿਆ ਪਰਾਲੀ ਦੀ ਸੁਚੱਜੀ ਸੰਭਾਲ ਲਈ ਜਾਗਰੂਕ ਕੀਤਾ। ਉਨ੍ਹਾਂ ਕਿਸਾਨਾਂ ਨੂੰ ਪਰਾਲੀ ਦੀ ਸੰਭਾਲ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਉਹ ਵੱਧ ਤੋਂ ਵੱਧ ਆਧੁਨਿਕ ਮਸ਼ੀਨਰੀ ਦੀ ਵਰਤੋਂ ਕਰਨ। ਉਨ੍ਹਾਂ ਕਿਸਾਨਾਂ ਨੂੰ ਇਹ ਵੀ ਕਿਹਾ ਕਿ ਉਨ੍ਹਾਂ ਨੂੰ ਜ਼ਰੂਰਤ ਅਨੁਸਾਰ ਮਸ਼ੀਨਰੀ ਮੁਹੱਈਆ ਕਰਵਾਈ ਜਾ ਰਹੀ ਹੈ। ਡਿਪਟੀ ਕਮਿਸ਼ਨਰ ਨੇ ਕਿਸਾਨਾਂ ਨੂੰ ਪੁਰਜ਼ੋਰ ਅਪੀਲ ਕਰਦਿਆਂ ਕਿਹਾ ਕਿ ਉਹ ਖੇਤੀਬਾੜੀ ਵਿਭਾਗ ਨਾਲ ਰਾਬਤਾ ਕਾਇਮ ਕਰਕੇ ਉਨ੍ਹਾਂ ਕੋਲੋਂ ਪਰਾਲੀ ਦੀ ਸੁਚੱਜੀ ਸਾਂਭ-ਸੰਭਾਲ ਕਰਨ ਲਈ ਆਧੁਨਿਕ ਮਸ਼ੀਨਰੀ ਲੈ ਸਕਦੇ ਹਨ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਕਲਸਟਰ ਅਫਸਰ ਨੂੰ ਹਦਾਇਤ ਕਰਦਿਆਂ ਕਿਹਾ ਕਿ ਕਿਸਾਨ ਨੂੰ ਤੁਰੰਤ ਬੇਲਰ ਮੁਹੱਈਆ ਕਰਵਾਉਣਾ ਯਕੀਨੀ ਬਣਾਇਆ ਜਾਵੇ। ਇਸ ਤੋਂ ਇਲਾਵਾ ਉਹਨਾਂ ਇਹ ਵੀ ਕਿਹਾ ਕਿ ਕਿਸਾਨਾਂ ਨੂੰ ਪਰਾਲੀ ਦੀ ਸੰਭਾਲ ਦੇ ਮੱਦੇਨਜ਼ਰ ਟਰਾਂਸਪੋਟੇਸ਼ਨ ਦੀ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ।ਦੌਰੇ ਦੌਰਾਨ ਡਿਪਟੀ ਕਮਿਸ਼ਨਰ ਨੇ ਪਿੰਡ ਬੁੱਚੋ ਕਲਾਂ ਦੇ ਵਾਤਾਵਰਨ ਪ੍ਰੇਮੀ ਕਿਸਾਨ ਕੁਲਦੀਪ ਸਿੰਘ, ਜੋ ਪਿਛਲੇ 2 ਸਾਲਾਂ ਤੋਂ ਝੋਨੇ ਦੀ ਪਰਾਲੀ ਤੇ ਇਸ ਦੀ ਰਹਿੰਦਖੂੰਹਦ ਨੂੰ ਅੱਗ ਨਹੀਂ ਲਗਾ ਰਿਹਾ, ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਹ ਹੋਰਨਾਂ ਕਿਸਾਨਾਂ ਨੂੰ ਵੀ ਜਾਗਰੂਕ ਤੇ ਪ੍ਰੇਰਿਤ ਕਰਨ ਕਿ ਉਹ ਵੀ ਝੋਨੇ ਦੀ ਪਰਾਲੀ ਅਤੇ ਇਸ ਦੀ ਰਹਿੰਦ-ਖੂੰਹਦ ਨੂੰ ਅੱਗ ਨਾ ਲਗਾਉਣ ਸਗੋਂ ਇਸ ਨੂੰ ਖੇਤ ਵਿੱਚ ਹੀ ਮਿਲਾਉਣ ਜਾ ਹੋਰ ਤਰੀਕਿਆਂ ਨਾਲ ਇਸ ਦਾ ਨਿਪਟਾਰਾ ਕਰਨ। ਇਸ ਮੌਕੇ ਕਿਸਾਨ ਕੁਲਦੀਪ ਸਿੰਘ ਨੇ ਦੱਸਿਆ ਕਿ ਉਸ ਨੇ ਪਿਛਲੇ 2 ਸਾਲਾਂ ਤੋਂ ਝੋਨੇ ਦੀ ਪਰਾਲੀ ਨੂੰ ਅੱਗ ਨਹੀਂ ਲਗਾਈ, ਜਿਸ ਨਾਲ ਉਸ ਦੀ ਜ਼ਮੀਨ ਦੀ ਉਪਜਾਊ ਸ਼ਕਤੀ ਵੀ ਕਾਇਮ ਰਹੀ ਹੈ ਅਤੇ ਉਸ ਦੀ ਫਸਲ ਦਾ ਝਾੜ ਵੀ ਵੱਧ ਆਇਆ ਹੈ। ਇਸ ਦੌਰਾਨ ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਦੇ ਕਿਸਾਨਾਂ ਨੂੰ ਪੁਰਜ਼ੋਰ ਅਪੀਲ ਕਰਦਿਆਂ ਕਿਹਾ ਕਿ ਉਹ ਝੋਨੇ ਦੀ ਸੁੱਕੀ ਫ਼ਸਲ ਹੀ ਮੰਡੀਆਂ ਵਿਚ ਲੈ ਕੇ ਆਉਣ ਤਾਂ ਜੋ ਉਨ੍ਹਾਂ ਨੂੰ ਕੋਈ ਸਮੱਸਿਆ ਦਰਪੇਸ਼ ਨਾ ਆਵੇ। ਉਨ੍ਹਾਂ ਕਿਸਾਨਾਂ ਨੂੰ ਇਹ ਵੀ ਅਪੀਲ ਕੀਤੀ ਕਿ ਉਹ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾਉਣ ਸਗੋਂ ਉਸ ਨੂੰ ਜ਼ਮੀਨ ਵਿੱਚ ਹੀ ਵਾਹੁਣ ਨੂੰ ਤਰਜੀਹ ਦੇਣ ਇਸ ਨਾਲ ਜਿੱਥੇ ਜ਼ਮੀਨ ਦੀ ਉਪਜਾਊ ਸ਼ਕਤੀ ਵਧੇਗੀ ਉੱਥੇ ਹੀ ਫ਼ਸਲ ਦੇ ਝਾੜ ਵਿੱਚ ਵੀ ਵਾਧਾ ਹੋਵੇਗਾ ਅਤੇ ਇਸ ਦੇ ਨਾਲ ਹੀ ਵਾਤਾਵਰਨ ਵੀ ਪ੍ਰਦੂਸ਼ਿਤ ਹੋਣ ਤੋਂ ਬਚੇਗਾ।

## ਕਾਮਯਾਬ ਰਿਹਾ ਰਾਸ਼ਟਰੀ ਕਾਵਿ ਸਾਗਰ ਵੱਲੋਂ ਕਰਵਾਇਆ ਗਿਆ ਭਾਰਤੀ ਤਿਉਹਾਰਾਂ ਨੂੰ ਸਮਰਪਿਤ ਕਵੀ ਦਰਬਾਰ

ਵਰਲਡ ਪੰਜਾਬੀ ਟਾਈਮਜ਼

ਚੰਡੀਗੜ੍ਹ,7 ਨਵੰਬਰ : ਰਾਸ਼ਟਰੀ ਕਾਵਿ ਸਾਗਰ ਨੇ ਦੇਸ਼ ਦੇ ਤਿਉਹਾਰਾਂ ਨੂੰ ਸਮਰਪਿਤ ਇਕ ਕਵੀ ਦਰਬਾਰ ਕਰਵਾਇਆ। ਜਿਸ ਵਿਚ ਦੇਸ਼ ਵਿਦੇਸ਼ ਤੋਂ ਲਗਭਗ 25 ਕਵੀਆਂ ਨੇ ਭਾਗ ਲਿਆ । ਇਹ ਇੱਕ ਅਲੱਗ ਕਿਸਮ ਦਾ ਵੱਖ ਵੱਖ ਰੰਗ ਬਿਖੇਰਦਾ ਕਵੀ ਦਰਬਾਰ ਸੀ। ਜਿਸ ਵਿਚ ਕਿਸੇ ਨੇ ਗੁਰੂਆਂ ਦੀ ਗੱਲ ਕੀਤੀ ਤੇ ਕਿਤੇ ਰੰਗ ਬਿਖੇਰਦੀ ਹੋਲੀ ਤੇ ਕਿਸੇ ਦੀ ਰਚਨਾ ਵਿੱਚ ਦੀਪ ਜਲਾਉਂਦੀ ਦੀਵਾਲੀ ਨਜ਼ਰ ਆਈ। ਕਿਸੇ ਨੇ ਮਾਂ ਨੂੰ ਰੱਬ ਵਾਂਗ ਪੂਜਿਆ । ਸਭਾ ਦੀ ਪ੍ਰਧਾਨ ਆਸ਼ਾ ਸ਼ਰਮਾ ਨੇ ਆਏ ਸਾਰੇ ਸਾਹਿਤਕਾਰਾਂ, ਕਵੀ ਤੇ ਕਵਿਤਰੀਆਂ ਦਾ ਸਵਾਗਤ ਕੀਤਾ । ਹਿੰਦੁਸਤਾਨ ਪੀਰਾਂ, ਫਕੀਰਾਂ ਦੀ ਧਰਤੀ ਹੈ, ਜਿਸ ਵਿਚ ਵੱਖ ਵੱਖ ਤਿਉਹਾਰਾਂ ਦੇ ਮਹੱਤਵ ਨੂੰ ਦੱਸਦੇ ਪੂਰਵਜਾਂ ਦੇ ਸਨਮਾਨ ਦੀ ਗੱਲ ਕੀਤੀ। ਕੁਝ ਤਿਉਹਾਰ ਦੇਸ਼ ਦੀਆਂ ਰੁੱਤਾਂ ਨਾਲ ਸਬੰਧਤ ਹਨ । ਓਹਨਾਂ ਦਸਿਆ ਕਿ ਤਿਉਹਾਰ ਹੀ ਜ਼ਿੰਦਗੀ ਵਿੱਚ ਖ਼ੁਸ਼ੀਆਂ ਖੇੜੇ ਲੈ ਕੇ ਆਉਂਦੇ ਹਨ, ਪਰਿਵਾਰਾਂ ਵਿੱਚ ਸਾਂਝ ਵਧਾਉਂਦੇ, ਸਾਡੀ ਆਸਥਾ ਨੂੰ ਮਜ਼ਬੂਤ ਕਰਦੇ ਨਜ਼ਰ ਆਉਂਦੇ ਹਨ।



ਡਾ. ਤਰਲੋਚਨ ਨੇ ਮੰਚ ਸੰਚਾਲਨ ਬਾਖੂਬੀ ਕੀਤਾ ,ਤੇ ਖ਼ੂਬਸੂਰਤ ਢੁਕਵੇਂ ਸ਼ੇਅਰਾ ਨਾਲ ਕਵੀਆਂ ਨੂੰ ਮੋਹ ਲਿਆ। ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਡਾ. ਸੁਰੇਸ਼ ਨਾਇਕ ਸਨ ,ਜਿਹਨਾਂ ਨੇ ਸਾਰੇ ਪ੍ਰੋਗਰਾਮ ਦਾ ਬਾਖ਼ੂਬੀ ਵਿਸ਼ਲੇਸ਼ਣ ਕੀਤਾ ਤੇ ਕਵੀਆਂ ਦੀ ਹੌਸਲਾ ਅਫਜ਼ਾਈ ਕੀਤੀ । ਵਿਸ਼ੇਸ਼ ਮਹਿਮਾਨ ਵਜੋਂ ਸੁਦੇਸ਼ ਨੂਰ ਜੀ ਨੇ ਖ਼ੂਬਸੂਰਤ ਗ਼ਜ਼ਲ ਨਾਲ ਸਭ ਨੂੰ ਨਿਹਾਲ ਕੀਤਾ ।ਸ਼ਾਮਿਲ ਹੋਏ ਕਵੀ ਕਵਿੱਤਰੀਆਂ ਨੇ ਖੂਬਸੂਰਤ ਅੰਦਾਜ਼ ਵਿਚ ਆਪਣਾ ਆਪਣਾ ਕਲਾਮ ਪੇਸ਼ ਕੀਤਾ। ਵਕਤ ਹਵਾ ਵਾਂਗ ਚਲਦਾ ਰਿਹਾ ਅਤੇ ਦੋ ਘੰਟੇ ਕਦੋਂ ਲੰਘ ਗਏ, ਪਤਾ ਹੀ ਨਹੀਂ ਲੱਗਾ। ਇਸ ਪ੍ਰੋਗਰਾਮ ਵਿਚ ਭਾਗ ਲੈਣ ਵਾਲੇ ਕਵੀ ਡਾ. ਸੁਰੇਸ਼ ਨਾਇਕ ,ਅਮਨਦੀਪ ਧਾਮੀ (ਸਾਊਥ ਕੋਰੀਆ) , ਵਿਜੈ ਸ਼ਰਮਾ, ਡਾ. ਤਰਲੋਚਨ ਕੌਰ, ਆਸ਼ਾ ਸ਼ਰਮਾ , ਜਾਗ੍ਰਿਤੀ ਗੌੜ, ਮਨਜੀਤ ਕੌਰ ਅਜ਼ਾਦ, ਡਾ. ਸਿੱਧੂ , ਪਰਵਿੰਦਰ ਕੌਰ , ਪੋਲੀ ਬਰਾੜ (ਅਮਰੀਕਾ), ਡਾ. ਸੁਦੇਸ਼ ਚੁੱਘ, ਪਰਵੀਨ ਸਿੱਧੂ , ਸਿਮਰਪਾਲ ਕੌਰ ਬਠਿੰਡਾ, ਕਨੀਜ਼ ਮਨਜ਼ੂਰ, ਇੰਦੂ ਪੌਲ , ਰੀਟਾ ਚੁੱਘ (ਦਿਲ੍ਹੀ) , ਅਮਰਜੀਤ ਕੌਰ ਸਿੱਧੂ (ਸਾਊਥ ਦਿਲੀ ) , ਪਰਕਾਸ਼ ਕੌਰ ਪਾਸ਼ਾਂ (ਅੰਮ੍ਰਿਤਸਰ), ਹਰਜਿੰਦਰ ਕੌਰ (ਅੰਮ੍ਰਿਤਸਰ) ,ਰਾਣੀ ਕੌਰ, ਨਿਸ਼ਾ ਮਲਹੋਤਰਾ, (ਮੋਹਾਲੀ) , ਸੁਖਦੇਵ ਸਿੰਘ ਨੇ ਬਾਖੂਬੀ ਆਪਣੇ ਕਲਾਮ ਪੇਸ਼ ਕੀਤੇ । ਡਾ. ਨਾਯਕ ਨੇ ਸਭ ਤੋਂ ਬਾਅਦ ਅਪਨਾ ਖ਼ੂਬਸੂਰਤ ਕਲਾਮ ਪੇਸ਼ ਕੀਤਾ ਤੇ ਪ੍ਰੋਗਰਾਮ ਦੀ ਸ਼ਲਾਘਾ ਕੀਤੀ । ਆਸ਼ਾ ਸ਼ਰਮਾ ਤੇ ਡਾ. ਤਰਲੋਚਨ ਕੌਰ ਨੇ ਆਏ ਸਭ ਕਵੀ ,ਕਵਿਤਰੀਆਂ ਤੇ ਮਹਿਮਾਨਾਂ ਦਾ ਧੰਨਵਾਦ ਕੀਤਾ । ਪ੍ਰੋਗਰਾਮ ਕਾਮਯਾਬ ਹੋ ਨਿਬੜਿਆ।

## " ਅੰਤਰਰਾਸ਼ਟਰੀ ਸਾਹਿਤਕ ਸਾਂਝਾਂ "ਵੱਲੋ " ਸਿਰਜਨਾ ਦੇ ਆਰ ਪਾਰ " ਪ੍ਰੋਗਰਾਮ ਵਿੱਚ

### ਨਾਨਕ ਸਿੰਘ ਪੁਰਸਕਾਰ ਵਿਜੇਤਾ ਜਸਵੀਰ ਸਿੰਘ ਰਾਣਾ ਨਾਲ ਪ੍ਰੇਰਨਾਦਾਇਕ ਮੁਲਾਕਾਤ "

ਵਰਲਡ ਪੰਜਾਬੀ ਟਾਈਮਜ਼ ਰਮਿੰਦਰ ਰੰਮੀ




ਬਰੈਂਪਟਨ 7 ਨਵੰਬਰ : ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਵੱਲੋਂ ਸਿਰਜਣਾ ਦੇ ਆਰ ਪਾਰ ਪ੍ਰੋਗਰਾਮ ਸੰਸਥਾਪਕ ਰਮਿੰਦਰ ਰੰਮੀ ਦੀ ਅਗਵਾਈ ਵਿੱਚ 2 ਨਵੰਬਰ ਦਿਨ ਐਤਵਾਰ ਨੂੰ ਕਰਵਾਇਆ ਗਿਆ ।ਇਸ ਪ੍ਰੋਗਰਾਮ ਵਿੱਚ ਦੇਸ਼ ਵਿਦੇਸ਼ ਤੋਂ ਬਹੁਤ ਨਾਮਵਰ ਅਦਬੀ ਸ਼ਖ਼ਸੀਅਤਾਂ ਨੇ ਇਸ ਪ੍ਰੋਗਰਾਮ ਵਿੱਚ ਸ਼ਿਰਕਤ ਕੀਤੀ ।ਇਸ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਵਜੋਂ ਪੰਜਾਬੀ ਦੇ ਪ੍ਰਸਿੱਧ ਗਲਪਕਾਰ ਜਸਵੀਰ ਸਿੰਘ ਰਾਣਾ ਨੇ ਸ਼ਿਰਕਤ ਕੀਤੀ ਇਹ ਵਰਨਣ ਯੋਗ ਹੈ ਕਿ ਜਸਵੀਰ ਸਿੰਘ ਰਾਣਾ ਨੂੰ ਉਹਨਾਂ ਦੇ ਨਾਵਲ 70% ਪ੍ਰੇਮ ਕਥਾ ਦੇ ਉੱਪਰ ਭਾਸ਼ਾ ਵਿਭਾਗ ਪੰਜਾਬ ਵੱਲੋਂ ਨਾਨਕ ਸਿੰਘ ਪੁਰਸਕਾਰ 2025 ਨਾਲ ਸਨਮਾਨਿਆ ਗਿਆ ਹੈ ।ਇਸ ਪ੍ਰੋਗਰਾਮ ਵਿੱਚ ਸੁਰਜੀਤ ਟੋਰਾਂਟੋ ਨੇ ਜਸਬੀਰ ਸਿੰਘ ਰਾਣਾ ਦਾ ਜੀ ਆਇਆ ਕਰਦਿਆਂ ਉਹਨਾਂ ਨੂੰ ਪੰਜਾਬੀ ਗਲਪ ਸਾਹਿਤ ਦੇ ਨਾਮਵਰ ਕਥਾਕਾਰ ਵਜੋਂ ਦੱਸਦਿਆਂ ਉਹਨਾਂ ਦੀ ਰਚਨਾ ਦੀ ਤਾਰੀਫ ਕੀਤੀ ਤੇ ਨਾਲ ਹੀ ਉਹਨਾਂ ਨੂੰ ਦੂਸਰੇ ਲੇਖਕਾਂ ਦਾ ਉਤਸ਼ਾਹ ਵਧਾਉਣ ਵਾਲੀ ਗਲਪਕਾਰ ਕਰ ਵਜੋਂ ਦੱਸਿਆ। ਉਪਰੰਤ ਪ੍ਰਿੰਸੀਪਲ ਡਾ ਨਵਜੋਤ ਨੇ ਭਾਸ਼ਾ ਵਿਭਾਗ ਪੰਜਾਬ ਵੱਲੋਂ ਜਸਵੀਰ ਸਿੰਘ ਰਾਣਾ ਨੂੰ ਮਿਲੇ ਪੁਰਸਕਾਰ ਤੇ ਮੁਬਾਰਕਬਾਦ ਦਿੰਦਿਆਂ ਹੋਇਆਂ ਜਸਵੀਰ ਸਿੰਘ ਰਾਣਾ ਨੂੰ ਇੱਕ ਅਜਿਹੀ ਸ਼ਖਸੀਅਤ ਦੱਸਿਆ ਜਿੰਨਾ ਕੋਲ ਅਜਿਹਾ ਸ਼ਬਦ ਭੰਡਾਰ ਹੈ ,ਜੋ ਪਾਠਕਾਂ ਨੂੰ ਆਪਣੇ ਵੱਲ ਖਿੱਚਦਾ ਹੈ ਤੇ ਜਿਨਾਂ ਦਾ ਖੂਬਸੂਰਤ ਅੰਦਾਜ਼ ਅਲਫਾਜ਼ ਤੇ ਆਵਾਜ਼ ਹੈ। ਪ੍ਰੋਫੈਸਰ ਕੁਲਜੀਤ ਕੌਰ ਨੇ ਜਸਵੀਰ ਸਿੰਘ ਰਾਣਾ ਦੀ ਜ਼ਿੰਦਗੀ ਦੇ ਮੁੱਢਲੇ ਦਿਨਾਂ ਬਾਰੇ ਉਹਨਾਂ ਤੋਂ ਜਾਣਕਾਰੀ ਲੈਂਦਿਆਂ ਬਚਪਨ ਵਿੱਚ ਕਿਸ ਤੋਂ ਪ੍ਰੇਰਨਾ ਲਈ ਇਸ ਸਵਾਲ ਨਾਲ ਮੁਲਾਕਾਤ ਦਾ ਆਰੰਭ ਕੀਤਾ ਜਸਵੀਰ ਸਿੰਘ ਰਾਣਾ ਨੇ ਆਪਣੇ ਪਰਿਵਾਰਕ ਪਿਛੋਕੜ ਬਾਰੇ ਦੱਸਦਿਆਂ ਹੋਇਆਂ ਬਚਪਨ ਤੋਂ ਹੀ ਸਾਹਿਤ ਜਾਂ ਬਾਲ ਸਾਹਿਤ ਪੜ੍ਹਨ ਦੀ ਆਪਣੀ ਰੁਚੀ ਬਾਰੇ ਦੱਸਿਆ ਕਿ ਉਹ ਜੇਬ ਖਰਚੇ ਲਈ ਮਿਲੇ ਪੈਸਿਆਂ ਵਿੱਚੋਂ ਵੀ ਉਸ ਸਮੇਂ ਦੇ ਬਾਲਾਂ ਵਾਸਤੇ ਆਉਂਦੇ ਰਸਾਲੇ ਖਰੀਦ ਲੈਂਦੇ ਸਨ ।ਉਹ ਅੰਤਰਮੁਖੀ ਸਨ ਤੇ ਇਸ ਅੰਤਰ ਮੁਖਤਾ ਵਿੱਚੋਂ ਹੀ ਉਹਨਾਂ ਦੇ ਬਹੁਤ ਸਾਰੇ ਸਾਹਿਤਕ ਵਿਸ਼ੇ ਪੈਦਾ ਹੋਏ ।ਜਸਵੀਰ ਰਾਣਾ ਨੇ ਆਪਣੀ ਪਹਿਲੀ ਪੁਸਤਕ ਸਿਖਰ ਦੁਪਹਿਰਾ ਜੋ ਕਿ 2003 ਵਿੱਚ ਛਪੀ ਬਾਰੇ ਵੀ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਇਸ ਤੋਂ ਬਾਅਦ 'ਖਿੱਤੀਆਂ ਘੁੰਮ ਰਹੀਆਂ ਨੇ ' 'ਉਰਫ ਰੋਸ਼ੀ ਜਲਾਦ, ਬਿੱਲੀਆਂ ਅੱਖਾਂ ਦਾ ਜਾਦੂ, ਮੈਂ ਤੇ ਮੇਰੀ ਖਾਮੋਸ਼ੀ ਇਥੋਂ ਰੇਗਿਸਤਾਨ ਦਿਖਦਾ ਹੈ ਮੇਰੀਆਂ ਬਾਲ ਕਹਾਣੀਆਂ 70% ਪ੍ਰੇਮ ਕਥਾ ਇਸ ਤੋਂ ਇਲਾਵਾ ਆਪਨੇ ਸੰਪਾਦਿਤ ਪੁਸਤਕਾਂ ਕਫਨ ਨੂੰ ਜੇਬ ਨਹੀਂ ਹੁੰਦੀ ਤੇ ਕਿੰਨਰਾਂ ਦਾ ਵੀ ਦਿਲ ਹੁੰਦਾ ਹੈ ਬਾਰੇ ਵੀ ਵਿਸਥਾਰ ਸਹਿਤ ਚਾਨਣ ਪਾਇਆ।ਹੁਣੇ ਹੁਣੇ ਆਏ ਆਪ ਦਾ ਨਾਵਲ 70 ਪ੍ਰੇਮ ਕਥਾ ਨੂੰ ਭਾਸ਼ਾ ਵਿਭਾਗ ਪੰਜਾਬ ਵੱਲੋਂ ਨਾਨਕ ਸਿੰਘ ਪੁਰਸਕਾਰ ਨਾਲ ਨਿਵਾਜਿਆ ਗਿਆ ਹੈ। ਜਸਵੀਰ ਸਿੰਘ ਰਾਣਾ ਨੇ ਆਪਣੇ ਰਚਨਾ ਪ੍ਰਕਿਰਿਆ ਦੇ ਬਾਰੇ ਬਹੁਤ ਕਥਾ ਰਸ ਭਰਪੂਰ ਵਾਰਤਾਲਾਪ ਕੀਤੀ ਤੇ ਆਪਣੀਆਂ ਕਹਾਣੀਆਂ ਜਾਂ ਨਾਵਲਾਂ ਦੀ ਕਥਾ ਉਸਾਰੀ ਬਾਰੇ ਵਿਸਥਾਰ ਸਹਿਤ ਦੱਸਿਆ। ਉਹਨਾਂ ਨੇ ਦੱਸਿਆ ਕਿ ਉਹਨਾਂ ਨੂੰ ਬਚਪਨ ਤੋਂ ਹੀ ਜਾਸੂਸੀ ਨਾਵਲ ਪੜ੍ਹਨ ਦਾ ਸ਼ੌਂਕ ਸੀ ਜਿਸ ਦਾ ਅਚੇਤ ਤੌਰ ਤੇ ਪ੍ਰਭਾਵ ਉਹਨਾਂ ਦੀਆਂ ਕਹਾਣੀਆਂ ਵਿੱਚ ਵੇਖਿਆ ਜਾ ਸਕਦਾ ਹੈ। ਇਹ ਵਰਨਣਯੋਗ ਹੈ ਕਿ ਜਸਬੀਰ ਸਿੰਘ ਰਾਣਾ ਦੀਆਂ ਬਹੁਤ ਸਾਰੀਆਂ ਕਹਾਣੀਆਂ ਪੰਜਾਬ ਦੀਆਂ ਵੱਖ-ਵੱਖ ਯੂਨੀਵਰਸਿਟੀਆਂ ਦੇ ਸਿਲੇਬਸ ਵਿੱਚ ਲੱਗੀਆਂ ਹੋਈਆਂ ਹਨ। ਕਿੱਤੇ ਵਜੋਂ ਅਧਿਆਪਕ ਜਸਵੀਰ ਸਿੰਘ ਰਾਣਾ ਆਪਣੀਆਂ ਰਚਨਾਵਾਂ ਨਾਲ ਨਵੀਂ ਪੀੜੀ ਨੂੰ ਵੀ ਸਮਾਜਿਕ ਸਮੱਸਿਆਵਾਂ ਤੇ ਮਾਨਵੀ ਰਿਸ਼ਤਿਆਂ, ਬਾਰੇ ਹੋਰ ਚੇਤਨ ਕਰਨ ਵਾਲੇ ਵਿਸ਼ਿਆਂ ਬਾਰੇ ਆਪਣੀਆਂ ਕਹਾਣੀਆਂ ਰਾਹੀਂ ਜਾਣਕਾਰੀ ਦਿੰਦੇ ਹਨ। ਜਸਵੀਰ ਸਿੰਘ ਰਾਣਾ ਨੇ ਆਪਣੀ ਜ਼ਿੰਦਗੀ ਵਿੱਚ ਮਿਲੇ ਵੱਖ ਵੱਖ ਸਨਮਾਨਾਂ ਦੀ ਉਹਨਾਂ ਦੀ ਨਜ਼ਰ ਵਿੱਚ ਕੀ ਮਹੱਤਤਾ ਹੈ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਉਹਨਾਂ ਨੇ ਆਪਣੀ ਰਚਨਾ ਵਿੱਚ ਆਪਣੇ ਪਰਿਵਾਰ ਦੇ ਯੋਗਦਾਨ ਦਾ ਵੀ ਜ਼ਿਕਰ ਕੀਤਾ। ਜਿਸ ਵਿੱਚ ਉਹਨਾਂ ਦੇ ਬੱਚਿਆਂ ਉਹਨਾਂ ਦੀ ਪਤਨੀ ਤੇ ਹੋਰ ਪਰਿਵਾਰਕ ਮੈਂਬਰਾਂ ਨੇ ਹਮੇਸ਼ਾ ਉਹਨਾਂ ਦਾ ਉਤਸ਼ਾਹ ਵਧਾਇਆ । ਉਨ੍ਹਾਂ ਨੇ ਆਪਣੇ ਪਿਤਾ ਅਤੇ ਮਾਤਾ ਤੋਂ ਮਿਲੇ ਆਸ਼ੀਰਵਾਦ ਨੂੰ ਆਪਣੇ ਜੀਵਨ ਦਾ ਹਾਸਿਲ ਦੱਸਿਆ।ਉਹਨਾਂ ਨੇ ਹੁਣੇ ਹੁਣੇ ਆਈ ਆਪਣੀ ਪੁਸਤਕ ਲਤੀਫੇ ਤੋਂ ਬਾਅਦ ਡੇਗਦੇ ਹੰਝੂ ਬਾਰੇ ਵੀ ਗੱਲ ਕੀਤੀ। ਉਹਨਾਂ ਨੇ ਆਪਣੀਆਂ ਕਹਾਣੀਆਂ ਦੇ ਪਾਤਰਾਂ ਦੀ ਸਿਰਜਣਾ ਕਰਨਾ ਬਾਰੇ ਬਹੁਤ ਹੀ ਰੋਚਕ ਢੰਗ ਨਾਲ ਦੱਸਿਆ। ਉਹਨਾਂ ਦੀਆਂ ਬਹੁਤ ਸਾਰੀਆਂ ਕਹਾਣੀਆਂ ਦੂਜੀਆਂ ਭਾਸ਼ਾਵਾਂ ਵਿੱਚ ਬੇਸ਼ਕ ਅਨੁਵਾਦ ਹੋ ਚੁੱਕੀਆਂ ਹਨ। ਪਰ ਉਹਨਾਂ ਨੂੰ ਵਧੇਰੇ ਹੁੰਗਾਰਾ ਪੰਜਾਬੀ ਪਾਠਕਾਂ ਵੱਲੋਂ ਹੀ ਮਿਲਿਆ । ਪ੍ਰੋ ਕੁਲਜੀਤ ਕੌਰ ਨੇ ਜਸਵੀਰ ਸਿੰਘ ਰਾਣਾ ਨੂੰ ਉਹਨਾਂ ਦੀ ਜ਼ਿੰਦਗੀ ਦੀਆਂ ਬਹੁਤ ਸਾਰੀਆਂ ਅਜਿਹੀਆਂ ਯਾਦਾਂ ਤੇ ਅਨੁਭਵਾਂ ਬਾਰੇ ਪੁੱਛਿਆ ਜਿਨਾਂ ਦਾ ਪ੍ਰਭਾਵ ਰਾਣਾ ਜੀ ਦੀਆਂ ਕਹਾਣੀਆਂ ਉੱਪਰ ਵੀ ਵੇਖਿਆ ਜਾ ਸਕਦਾ ਹੈ। ਜਸਵੀਰ ਰਾਣਾ ਨੇ ਕਿਹਾ ਕਿ ਉਹ ਨਿਰੰਤਰ ਲਿਖਣ ਵਾਲੇ ਲੇਖਕ ਹਨ ਤੇ ਹਮੇਸ਼ਾ ਰੁਝੇ ਰਹਿਣਾ ਤੇ ਆਪਣੇ ਕੰਮ ਨਾਲ ਪਿਆਰ ਕਰਨਾ ਹੀ ਉਹਨਾਂ ਨੂੰ ਜ਼ਿੰਦਗੀ ਦਾ ਖੂਬਸੂਰਤ ਖੁਸ਼ੀ ਦੇਣ ਵਾਲੇ ਪਲ ਹਨ। ਉਹਨਾਂ ਨੇ ਆਪਣੀਆਂ ਭਵਿੱਖ ਦੀਆਂ ਯੋਜਨਾਵਾਂ ਬਾਰੇ ਵੀ ਦੱਸਿਆ ਕਿ ਅਨੇਕਾਂ ਵਿਸ਼ੇ ਹਾਲੇ ਉਹਨਾਂ ਦੀ ਕਲਮ ਵਿੱਚ ਆਉਣਗੇ ਤੇ ਉਹ ਸਾਹਿਤ ਰਚਨਾ ਨਾਲ ਇਸ ਤਰਾਂ ਹੀ ਕਰਮਸ਼ੀਲ ਰਹਿਣਗੇ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਅਸਿਸਟੈਂਟ ਪ੍ਰੋਫੈਸਰ ਡਾਕਟਰ ਬਲਜੀਤ ਕੌਰ ਰਿਆੜ ਨੇ ਕਿਹਾ ਕਿ ਜਸਵੀਰ ਸਿੰਘ ਰਾਣਾ ਗਲਪ ਕਾਰ ਹੈ। ਕੈਨੇਡੀਅਨ ਪੰਜਾਬੀ ਸਾਹਿਤ ਸਭਾ ਤੋਂ ਸ . ਮਲੂਕ ਸਿੰਘ ਕਾਹਲੋਂ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ । ਉਹਨਾਂ ਨੇ ਜਸਵੀਰ ਸਿੰਘ ਰਾਣਾ ਦੀਆਂ ਕਹਾਣੀਆਂ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਦੀਆਂ ਕਹਾਣੀਆਂ ਨੂੰ ਮਾਨਵੀ ਸਰੋਕਾਰ ਅਤੇ ਸੰਵੇਦਨਾ ਭਰਪੂਰ ਦੱਸਿਆ। ਇਸ ਪ੍ਰੋਗਰਾਮ ਵਿੱਚ ਦੇਸ਼ ਵਿਦੇਸ਼ ਤੋਂ ਬਹੁਤ ਅਦਬੀ ਸ਼ਖ਼ਸੀਅਤਾਂ ਨੇ ਸ਼ਿਰਕਤ ਕੀਤੀ । ਪ੍ਰੋਗਰਾਮ ਦੇ ਅੰਤ ਵਿੱਚ ਚੇਅਰਮੈਨ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਸ੍ਰ ਪਿਆਰਾ ਸਿੰਘ ਕੁੱਦੋਵਾਲ ਨੇ ਬਹੁਤ ਹੀ ਸਾਰਥਕ ਵਿਚਾਰਾਂ ਨਾਲ ਪ੍ਰੋਗਰਾਮ ਨੂੰ ਸਮੇਟਿਆ। ਉਨ੍ਹਾਂ ਨੇ ਜਸਵੀਰ ਸਿੰਘ ਰਾਣਾ ਦੇ ਸਾਹਿਤਿਕ ਸਫਰ ਅਤੇ ਜੀਵਨ ਸਫ਼ਰ ਨੂੰ ਪੰਜਾਬੀ ਪਾਠਕਾਂ ਲਈ ਪ੍ਰਭਾਵਸ਼ਾਲੀ ਦੱਸਿਆ। ਉਹਨਾਂ ਦੱਸਿਆ ਕਿ ਜਸਵੀਰ ਸਿੰਘ ਰਾਣਾ ਅਜਿਹੇ ਗਲਪ ਕਾਰ ਹਨ ਜਿਨਾਂ ਨੂੰ ਤਿੰਨੇ ਪੀੜੀਆਂ ਹੀ ਪੜ੍ਹਦੀਆਂ ਹਨ । ਉਹਨਾਂ ਨੇ ਆਪਣੇ ਸਾਹਿਤਕ ਵਿਰਾਸਤ ਨੂੰ ਆਪਣੀ ਬੱਚਿਆਂ ਤੱਕ ਵੀ ਪਹੁੰਚਾਇਆ ਹੈ। ਇਹ ਵੀ ਉਹਨਾਂ ਦੀ ਵੱਡੀ ਪ੍ਰਾਪਤੀ ਹੈ ਜਸਵੀਰ ਸਿੰਘ ਰਾਣਾ ਦੇ ਕਥਾ ਸੰਸਾਰ ਬਾਰੇ ਉਹਨਾਂ ਨੇ ਦੱਸਿਆ ਕਿ ਉਹਨਾਂ ਨੇ ਬਹੁਤ ਸਾਰੀਆਂ ਕਹਾਣੀਆਂ ਉਹਨਾਂ ਦੀਆਂ ਪੜੀਆਂ ਹਨ ਜਿਨਾਂ ਵਿੱਚ ਅਣਗੌਲੇ ਲੋਕਾਂ ਨੂੰ ਵੀ ਪਾਤਰਾਂ ਦੇ ਤੌਰ ਤੇ ਪੇਸ਼ ਕੀਤਾ ਹੈ। ਤੇ ਜਸਵੀਰ ਸਿੰਘ ਰਾਣਾ ਨੂੰ ਪਹਿਲੀ ਵਾਰ ਇਸ ਮੁਲਾਕਾਤ ਦੇ ਵਿੱਚ ਮਿਲਣ ਤੇ ਉਹ ਉਹਨਾਂ ਦੇ ਸ਼ਬਦਾਂ ਦੇ ਕਾਇਲ ਹੋ ਗਏ ਹਨ ਜਿਨਾਂ ਵਿੱਚ ਕੋਈ ਬਣਾਵਟ ਨਹੀਂ ਹੈ ।ਸਗੋਂ ਉਹ ਬਹੁਤ ਹੀ ਸਹਿਜਤਾ ਨਾਲ ਆਪਣੇ ਦਰਸ਼ਕਾਂ ਅਤੇ ਪਾਠਕਾਂ ਦੇ ਰੂਬਰੂ ਹੋਏ ਹਨ। ਉਹਨਾਂ ਨੇ ਜਸਵੀਰ ਰਾਣਾ ਦਾ ਧੰਨਵਾਦ ਕੀਤਾ ।ਰਮਿੰਦਰ ਰੰਮੀ ਦੇ ਯਤਨਾਂ ਨੂੰ ਵੀ ਅਰਥ ਭਰਪੂਰ ਦੱਸਿਆ ਜਿਸ ਕਾਰਨ ਏਨੇ ਵਧੀਆ ਸਾਹਿਤਕਾਰ ਨਾਲ ਮਿਲਣ ਦਾ ਮੌਕਾ ਮਿਲਿਆ ।

ਅੰਤ ਵਿੱਚ ਰਮਿੰਦਰ ਰੰਮੀ ਨੇ ਆਏ ਹੋਏ ਸਾਰੇ ਦਰਸ਼ਕਾਂ ਦਾ ਅਤੇ ਮੁੱਖ ਮਹਿਮਾਨ ਦਾ ਧੰਨਵਾਦ ਵੀ ਕੀਤਾ ।

ਰਮਿੰਦਰ ਰੰਮੀ ਨੇ ਕਿਹਾ ਕਿ :- " ਤੁਸੀਂ ਘਰ ਅਸਾਡੇ ਆਏ ਅਸੀਂ ਫੁੱਲੇ ਨਹੀਂ ਸਮਾਏ " ਧੰਨਵਾਦ ਸਹਿਤ । ਇਹ ਰਿਪੋਰਟ ਪ੍ਰੋ. ਕੁਲਜੀਤ ਕੌਰ ਨੇ ਰਮਿੰਦਰ ਵਾਲੀਆ ਨੂੰ ਸਾਂਝੀ ਕੀਤੀ ।

## ਸੋਸ਼ਲ ਮੀਡੀਆ ‘ਤੇ ਅਸ਼ਲੀਲਤਾ ਦਾ ਵੱਧਦਾ ਪ੍ਰਸਾਰ



ਵਰਲਡ ਪੰਜਾਬੀ ਟਾਈਮਜ਼
ਸੁਰਿੰਦਰਪਾਲ ਸਿੰਘ

ਡਿਜੀਟਲ ਸੰਚਾਰ ਨੇ ਵਿਗਿਆਨ ਤੇ ਤਕਨੀਕ ਦੀ ਮਦਦ ਦੇ ਨਾਲ ਅਜੋਕੇ ਸਮੇਂ ਵਿੱਚ ਬੁਲੰਦੀਆਂ ਦਾ ਸਿੱਖਰ ਛੂਹਿਆ ਹੈ। ਇਸੇ ਹੀ ਲੜੀ ਤਹਿਤ ਸੋਸ਼ਲ ਮੀਡੀਆ ਸਮਾਜ ਵਿੱਚ ਇੱਕ ਸ਼ਕਤੀਸ਼ਾਲੀ ਸਾਧਨ ਬਣ ਕੇ ਉੱਭਰਿਆ ਹੈ। ਸੋਸ਼ਲ ਮੀਡੀਆ ਲੋਕਾਂ ਨੂੰ ਨੂੰ ਗਲੋਬਲ ਤੌਰ ‘ਤੇ ਜੋੜਦਾ ਹੈ ਅਤੇ ਉਨਾਂ ਦੀਆਂ ਆਵਾਜ਼ਾਂ ਨੂੰ ਸ਼ਕਤੀ ਦਿੰਦਾ ਹੈ। ਅਜੋਕੇ ਸਮੇਂ ਵਿੱਚ ਸੋਸ਼ਲ ਮੀਡੀਆ ਵਿੱਚ ਅਸ਼ਲੀਲਤਾ ਦੇ ਵੱਧਦੇ ਰੁਝਾਨ ਜਿਸ ਵਿੱਚ ਸ਼ਾਮਿਲ ਹੈ ਖੁੱਲ੍ਹੇਆਮ ਦੋ ਅਰਥੀ ਭਾਸ਼ਾ, ਕਾਮ ਵਾਸਨਾਵਾਂ ਨੂੰ ਉਤੇਜਿਤ ਕਰਦੀ ਚਿੱਤਰਕਲਾ ਅਤੇ ਇਤਰਾਜਯੋਗ ਸਮੱਗਰੀ ਦੀ ਵਰਤੋਂ ਕਾਰਨ ਆਵਾਜ਼ ਦੇ ਬੁੱਧੀਜੀਵੀ ਵਰਗ ਨੂੰ ਚਿੰਤਿਤ ਕੀਤਾ ਹੋਇਆ ਹੈ। ਸਮਾਜ ਦੇ ਉੱਘੇ ਸੋਸ਼ੀਓਲੋਜਿਸਟਾਂ, ਸਿੱਖਿਆਦਾਨਾਂ, ਮਾਪਿਆਂ ਅਤੇ ਨੀਤਿਨਿਰਧਾਰਕਾਂ ਵਿੱਚ ਸੋਸ਼ਲ ਮੀਡੀਆ ਵਿੱਚ ਵੱਧ ਰਹੀ ਅਸ਼ਲੀਲਤਾ ਕਾਰਨ ਗੰਭੀਰ ਚਿੰਤਾਵਾਂ ਪੈਦਾ ਹੋਈਆਂ ਹਨ ਅਤੇ ਹਰੇਕ ਵਰਗ ਇਸ ਦੇ ਸੁਚੱਜੇ ਹੱਲ ਲਈ ਆਸ ਤੇ ਅਰਦਾਸ ਕਰ ਰਿਹਾ ਹੈ।

ਖੁੱਲ੍ਹੇਆਮ ਅਸ਼ਲੀਲ ਸਮੱਗਰੀ ਵਿੱਚ ਵਾਧੇ ਕਾਰਨ ਪਿਛਲੇ ਕੁਝ ਸਾਲਾਂ ਵਿੱਚ ਇੰਸਟਾਗ੍ਰਾਮ, ਐਕਸ (ਪੂਰਵ Twitter), ਟਿਕਟੋਕ ਅਤੇ ਸਨੈਪਚੈਟ ਵਰਗੀਆਂ ਪਲੇਟਫਾਰਮਾਂ ਤੇ ਨੌਜਵਾਨਾਂ ਦੀ ਗਿਣਤੀ ਦਾ ਹੈਰਾਨੀ ਜਨਕ ਵਾਧਾ ਦੇਖਿਆ ਗਿਆ ਹੈ। ਸੋਸ਼ਲ ਮੀਡੀਆ ਦੀ ਇਤਰਾਜ ਯੋਗ ਸਮੱਗਰੀ ਵਿੱਚ ਯੌਨ ਸੰਕੇਤਕ ਸਮੱਗਰੀ, ਗਾਲ੍ਹਾਂ ਦੀ ਵਰਤੋਂ ਅਤੇ ਇਖ਼ਲਾਕ ਹੀਨ ਗੱਲਾਂ ਬਾਤਾਂ ਸ਼ਾਮਲ ਹੋਈਆਂ ਹਨ । 2024 ਦੀ ਇੱਕ ਰਿਪੋਰਟ ਮੁਤਾਬਕ ਇੰਟਰਨੈੱਟ ਐਥਿਕਸ ਫਾਉਂਡੇਸ਼ਨ ਨੇ ਦਰਸਾਇਆ ਕਿ ਲਗਭਗ 60% ਕਿਸ਼ੋਰ ਹਫ਼ਤੇ ਵਿੱਚ ਕਿਸੇ ਨਾ ਕਿਸੇ ਰੂਪ ਵਿੱਚ ਅਸ਼ਲੀਲ ਸਮੱਗਰੀ ਦੀ ਜਾਣਕਾਰੀ ਸੋਸ਼ਲ ਮੀਡੀਆ ਪਲੈਟਫਾਰਮਾਂ ਹੀ ਸਾਂਝੀ ਕਰਦੇ ਹਨ ਜਿਸ ਵਿੱਚੋਂ ਇੱਕ ਤਿਹਾਈ ਇਸ ਨਾਲ ਸਾਂਝਾ ਕਰਨ ਜਾਂ ਇਸ ਵਿੱਚ ਸ਼ਾਮਲ ਹੋਣ ਦੀ ਕੋਸ਼ਿਸ਼ ਕਰਦੇ ਹਨ।
ਕਲਾ ਦੀ ਆਜ਼ਾਦੀ ਅਤੇ ਨੈਤਿਕ ਕਦਰਾਂ ਕੀਮਤਾਂ ਦੇ ਵਿਚਕਾਰ ਦੀ ਸਰਹੱਦ ਦਿਨੋਦਿਨ ਧੁੰਦਲੀ ਹੋ ਰਹੀ ਹੈ।

ਸੋਸ਼ਲ ਮੀਡੀਆ ਤੇ ਲੋਕਾਂ ਨੂੰ ਪ੍ਰਭਾਵਿਤ ਕਰਨ ਵਾਲੇ ਇਨਸਾਨਾਂ ਨੂੰ ਇੰਫਲੂਐਂਸਰਜ਼ ਕਿਹਾ ਜਾਂਦਾ ਹੈ ਅਤੇ ਇਹਨਾਂ ਦੇ ਪ੍ਰਭਾਵ ਵਿੱਚ ਖਾਸ ਬੱਚੇ ਅਤੇ ਨੌਜਵਾਨ ਦਰਸ਼ਕਾਂ ਆਸਾਨੀ ਨਾਲ ਆ ਜਾਂਦੇ ਹਨ।ਇਸ ਰੁਝਾਨ ਵਿੱਚ ਨੌਜਵਾਨ ਅਤੇ ਬੱਚੇ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਧਿਆਨ-ਚਾਲਿਤ ਅਲਗੋਰਿਦਮਿਕ ਵਾਤਾਵਰਨ ਵਿੱਚ ਸਬੰਧਿਤ ਰਹਿਣ ਲਈ, ਬਹੁਤ ਸਾਰੇ ਰਚਨਾਕਾਰ ਸੰਵੇਦਨਸ਼ੀਲ ਸਮੱਗਰੀ ਦੀ ਵਰਤੋਂ ਕਰਨ ਲਈ ਮਜਬੂਰ ਹੁੰਦੇ ਹਨ। ਵਿਦਵਾਨਾਂ ਦਾ ਕਹਿਣਾ ਹੈ ਕਿ “ਲਾਈਕ” ਅਤੇ “ਫੋਲੋਅਰ” ਦੀ ਇਸ ਦੌੜ ਨੇ ਅਕਸਰ ਸੰਸਕਾਰਾਂ ਦੇ ਮਿਆਰ ਨੂੰ ਛਿੱਕੇ ਟੰਗ ਕੇ ਅਸ਼ਲੀਲ ਸਮਗਰੀ ਦੇ ਵਾਧੇ ਦਾ ਕਾਰਨ ਬਣਾਇਆ ਹੈ।

ਸੂਝਵਾਨ ਅਧਿਆਪਕਾਂ ਅਨੁਸਾਰ ਅਸ਼ਲੀਲਤਾ ਸੋਸ਼ਲ ਮੀਡੀਆ ਤੇ ਵਾਇਰਲ ਹੋਣ ਦਾ ਇੱਕ ਸਾਧਨ ਬਣ ਗਈ ਹੈ, ਬੱਚੇ ਅਤੇ ਨੌਜਵਾਨ ਉਹ ਕੁਝ ਨਕਲ ਕਰਦੇ ਹਨ ਜੋ ਉਹ ਦੇਖਦੇ ਹਨ। ਬਾਲ ਅਵਸਥਾ ਅਤੇ ਜਵਾਨੀ ਦੀ ਦਹਿਲੀਜ਼ ਤੇ ਪੈਰ ਰੱਖਦੇ ਨੌਜਵਾਨ ਇਹ ਜਾਨਣ ਵਿੱਚ ਅਸੱਮਰਥ ਹਨ ਕਿ ਸੋਸ਼ਲ ਮੀਡੀਆ ਵਿੱਚ ਵੱਧ ਰਹੀ ਅਸ਼ਲੀਲਤਾ ਕਾਰਨ ਉਹਨਾਂ ਦੇ ਆਪਣੇ ਵਿਵਹਾਰ ਅਤੇ ਮਨੋਵਿਗਿਆਨ ‘ਤੇ ਕੀ ਪ੍ਰਭਾਵ ਹੋ ਸਕਦੇ ਹਨ।”

ਮਾਨਸਿਕ ਅਤੇ ਕਾਨੂੰਨੀ ਪ੍ਰਭਾਵ

ਮਾਨਸਿਕ ਵਿਗਿਆਨੀ ਚੇਤਾਵਨੀ ਦਿੰਦੇ ਹਨ ਕਿ ਅਸ਼ਲੀਲ ਸਮੱਗਰੀ ਦੇ ਦੁਹਰਾਅ ਨਾਲ ਦਰਸ਼ਕਾਂ ਨੂੰ ਡਰ ,ਚਿੰਤਾ ਤੇ ਬੇਚੈਨੀ ਹੋ ਸਕਦੀ ਹੈ। ਲੋੜ ਤੋਂ ਵੱਧ ਸੋਸ਼ਲ ਮੀਡੀਆ ਦਾ ਝੁਕਾਅ ਯੌਨਤਾ ਦੀ ਧਾਰਨਾ ਨੂੰ ਵਿਗਾੜ ਸਕਦਾ ਹੈ,ਮ ਅਤੇ ਆਨਲਾਈਨ ਹਿੰਸਾ ਅਤੇ ਸਾਇਬਰ ਬੁੱਲਿੰਗ ਦੇ ਵਧਦੇ ਕੇਸਾਂ ਵਿੱਚ ਯੋਗਦਾਨ ਪਾ ਸਕਦਾ ਹੈ। ਇਸ ਤੋਂ ਇਲਾਵਾ ਇਹ ਨੌਜਵਾਨ ਮਨਾਂ ‘ਤੇ ਜ਼ਿਆਦਾ ਪ੍ਰਭਾਵ ਪਾਉਂਦੀ ਹੈ ਉਹਨਾਂ ਦੇ ਮੁੱਲਾਂ ਅਤੇ ਆਪਸੀ ਸੰਬੰਧਾਂ ਨੂੰ ਆਕਾਰ ਦਿੰਦੀ ਹੈ।

ਕਾਨੂੰਨੀ ਵਿਦਵਾਨ ਅਨੁਸਾਰ ਸੋਸ਼ਲ ਮੀਡੀਆ ਪਲੇਟਫਾਰਮ ਨੀਤੀਆਂ ਅਸ਼ਲੀਲ ਸਮੱਗਰੀ ਦੇ ਪ੍ਰਸਾਰ ਦੀ ਮਨਾਹੀ ਕਰਦੀਆਂ ਹਨ, ਪਰ ਇਹ ਨੀਤੀਆਂ ਨਿਯਮਾਂ ਨੂੰ ਸੁਚੱਜੇ ਢੰਗ ਨਾਲ ਲਾਗੂ ਕਰਨ ਵਿੱਚ ਅਸਮਰੱਥ ਰਹਿੰਦੀਆਂ ਹਨ। ਭਾਰਤ ਵਿੱਚ IT ਐਕਟ ਦਾ ਧਾਰਾ 67 ਆਨਲਾਈਨ ਅਸ਼ਲੀਲ ਸਮੱਗਰੀ ਪ੍ਰਕਾਸ਼ਿਤ ਕਰਨ ਜਾਂ ਪ੍ਰਸਾਰਿਤ ਕਰਨ ਨਾਲ ਸੰਬੰਧਿਤ ਹੈ ਫਿਰ ਵੀ ਅਸ਼ਲੀਲ ਸਮੱਗਰੀ ਦਾ ਪ੍ਰਸਾਰ ਅਤੇ ਵਰਤੋ ਕਰਨ ਵਾਲਿਆਂ ਵਿਰੁੱਧ ਕਾਰਵਾਈ ਦੀਆਂ ਮੁਸ਼ਕਿਲਾਂ ਆ ਰਹੀਆਂ ਹਨ।

ਮਾਪਿਆਂ ਅਤੇ ਅਧਿਆਪਕਾਂ ਦੇ ਖੰਦਸ਼ੇ

ਮਾਪਿਆਂ ਅਤੇ ਸਿੱਖਿਆਦਾਨਾਂ ਨੇ ਸੋਸ਼ਲ ਮੀਡੀਆ ਤੇ ਅਸ਼ਲੀਲ ਸਮੱਗਰੀ ਦੀ ਬਿਨਾ ਰੋਕਥਾਮ ਫੈਲਾਅ ‘ਤੇ ਡੂੰਘੀ ਚਿੰਤਾ ਪ੍ਰਗਟ ਕੀਤੀ ਹੈ।

ਕਈ ਰਾਜਾਂ ਦੇ ਸਕੂਲ ਹੁਣ ਡਿਜੀਟਲ ਸਿੱਖਿਆ ਪ੍ਰੋਗਰਾਮ ਸ਼ੁਰੂ ਕਰ ਰਹੇ ਹਨ ਜੋ ਵਿਦਿਆਰਥੀਆਂ ਨੂੰ ਜ਼ਿੰਮੇਵਾਰ ਆਨਲਾਈਨ ਵਿਓਹਾਰ ਦੇ ਖਤਰਿਆਂ ਬਾਰੇ ਸਿਖਾਉਣ ਦਾ ਉਦੇਸ਼ ਰੱਖਦੇ ਹਨ।

ਪਲੇਟਫਾਰਮ ਜਵਾਬਦੇਹੀ ਅਤੇ ਭਵਿੱਖ ਦੇ ਕਦਮ
ਵੱਧ ਰਹੀ ਆਲੋਚਨਾ ਦੇ ਜਵਾਬ ਵਿੱਚ, ਟੈਕ ਕੰਪਨੀਆਂ ਨੇ AI-ਚਾਲਿਤ ਮੋਡਰੇਸ਼ਨ ਟੂਲਜ਼ ਨੂੰ ਸੁਧਾਰਨ, ਰਿਪੋਰਟਿੰਗ ਫੀਚਰਾਂ ਨੂੰ ਵਧਾਉਣ ਅਤੇ “ਪਰਿਵਾਰ-ਸੁਰੱਖਿਅਤ” ਸੈਟਿੰਗਜ਼ ਨੂੰ ਪ੍ਰਚਾਰਿਤ ਕਰਨ ਦਾ ਵਾਅਦਾ ਕੀਤਾ ਹੈ। ਹਾਲਾਂਕਿ, ਵਿਦਵਾਨਾਂ ਦਾ ਕਹਿਣਾ ਹੈ ਕਿ ਪਲੇਟਫਾਰਮਾਂ ਦੁਆਰਾ ਇਹ ਪਹਿਲਾਂ ਹੀ ਕਾਫ਼ੀ ਨਹੀਂ ਹਨ।

“ਸਾਡੇ ਕੋਲ ਸਹਿਯੋਗੀ ਯਤਨਾਂ ਦੀ ਲੋੜ ਹੈ,” ਸਾਇਬਰ ਕਾਨੂੰਨ ਦੇ ਵਕੀਲ ਅਨੁਪਮ ਸੈਕਸੇਨਾ ਕਹਿੰਦੇ ਹਨ। “ਸਰਕਾਰ, ਪਲੇਟਫਾਰਮ ਅਤੇ ਸਮਾਜ ਨੂੰ ਮਿਲ ਕੇ ਡਿਜੀਟਲ ਨੈਤਿਕਤਾ ਨੂੰ ਲਾਗੂ ਕਰਨਾ ਚਾਹੀਦਾ ਹੈ, ਨਹੀਂ ਤਾਂ ਅਸੀਂ ਕਹਾਣੀ ਦੇ ਅੰਤ ਨੂੰ ਗੁਆਚ ਜਾਵਾਂਗੇ।”

ਸੋਸ਼ਲ ਮੀਡੀਆ ਇੱਕ ਰਚਨਾਤਮਕਤਾ ਅਤੇ ਜੋੜਤੋੜ ਦਾ ਜ਼ਰੀਆ ਬਣਿਆ ਹੋਇਆ ਹੈ ਪਰੰਤੂ ਅਸ਼ਲੀਲਤਾ ਦੇ ਬਿਨਾ ਰੋਕਥਾਮ ਵਾਲੇ ਵਾਧੇ ਨੇ ਸਮਾਜ ਦੇ ਬੁੱਧੀਜੀਵੀਆਂ ਦੇ ਸਨਮੁੱਖ ਇੱਕ ਗੰਭੀਰ ਮੁੱਦਾ ਉਠਾਇਆ ਹੈ ਜਿਸ ਵੱਲ ਤੁਰੰਤ ਧਿਆਨ ਦੀ ਲੋੜ ਹੈ। ਆਜ਼ਾਦੀ ਦੇ ਪ੍ਰਗਟਾਅ ਅਤੇ ਸਮਾਜਿਕ ਜ਼ਿੰਮੇਵਾਰੀ ਦੇ ਵਿਚਕਾਰ ਸੰਤੁਲਨ ਬਣਾਉਣਾ ਹੁਣ ਸਮੇਂ ਦੀ ਲੋੜ ਹੈ। ਅਰਥਪੂਰਨ ਬਦਲਾਅ ਲਈ ਜਾਗਰੂਕਤਾ, ਜਵਾਬਦੇਹੀ ਅਤੇ ਕਾਰਵਾਈ ਨੂੰ ਮਿਲ ਕੇ ਕੰਮ ਕਰਨ ਦੀ ਲੋੜ ਹੈ।

## ਚਿੱਟੀ ਸਿਉਂਕ



ਸਾਧ ਬੂਬਨੇ ਲੋਕਾਂ ਨੂੰ ਲੁੱਟ ਖਾ ਗਏ,
ਕੁੱਝ ਲੀਡਰਾਂ ਦਿੱਤੇ ਮਧੋਲ ਬਾਬਾ।
****
ਰਾਹ ਸੁੱਝੇ ਨਾ ਕਿੱਧਰ ਜਾਣ ਲੋਕੀ,
ਮਾਰੇ ਡਰ ਦੇ ਸਕਣ ਨਾ ਬੋਲ ਬਾਬਾ।
***
ਲੋਕੀ ਪਿਸਦੇ ਚੱਕੀ ਦੇ ਪੁੜਾਂ ਅੰਦਰ,
ਬਚਣਾ ਔਖਾ,ਜਿਹੜਾ ਹੈ ਕੋਲ ਬਾਬਾ।
***
ਪਖੰਡੀ ਭਰਮਾਂ ਦਾ ਇੱਕ ਜਾਲ ਪਾ ਕੇ,
ਲੁੱਟ ਲੈਂਦੇ ਜਨਤਾ ਅਣਭੋਲ ਬਾਬਾ।
****
ਵੋਟਾਂ ਖਾਤਰ ਨੇਤਾ ਲਾਉਣ ਲਾਰੇ,
ਨਾਲੇ ਕਰਨ ਗੱਲਾਂ ਗੋਲ ਮੋਲ਼ ਬਾਬਾ।
***
ਚਿੱਟੀ ਸਿਉਂਕ ਨਾ ਛੱਡੇ ਕਿਸੇ ਤਾਈਂ,
ਕਰੀ ਜਾਂਵਦੀ ਅੰਦਰੋਂ ਖੋਲ ਬਾਬਾ।
****
ਅੱਗ ਲੱਗੀ ਜੇ ਹੋਵੇ ਪਾਣੀਆਂ ਨੂੰ,
ਤਾਂ ਫਿਰ ਭਰੀਏ ਕਿੱਦਾਂ ਡੋਲ ਬਾਬਾ।
****
‘ਹਰਪ੍ਰੀਤ ਪੱਤੋ’ ਸੱਚੀ ਗੱਲ ਲਿਖਦਾ,
ਨਾਲੇ ਰੱਖਦਾ ਬਰਾਬਰ ਤੋਲ ਬਾਬਾ।
*****

ਵਰਲਡ ਪੰਜਾਬੀ ਟਾਈਮਜ਼
ਹਰਪ੍ਰੀਤ ਪੱਤੋ

## ਇੱਕ ਬਾਲਕ ਆਇਆ ਏ



ਇੱਕ ਬਾਲਕ ਆਇਆ ਏ।
ਉਸ ਜੱਗ ਰੁਸ਼ਨਾਇਆ ਏ।

ਘਰ ਮਹਿਤੇ ਕਾਲੂ ਦੇ
ਲੋਕੀ ਦੇਣ ਵਧਾਈਆਂ ਜੀ।

ਸਭ ਰੱਬੀ ਰੂਹਾਂ ਸੀ,
ਘਰ ਚੱਲ ਕੇ ਆਈਆਂ ਸੀ।

ਅੱਜ ਨਨਕਾਣੇ ਦਾ
ਸੁੱਤਾ ਭਾਗ ਜਗਾਇਆ ਏ।
ਇੱਕ ਬਾਲਕ ਆਇਆ ਏ,,,,,

ਪੰਡਤ ਆਇਆ ਸੀ ,
ਨਾਲ ਜਨੇਊ ਲਿਆਇਆ ਸੀ।

ਮਨਾ ਕੀਤਾ ਬਾਲਕ ਨੇ ,
ਉਹ ਨਾ ਪਵਾਇਆ ਸੀ।

ਇਹ ਤਾਂ ਸੜ ਜਾਣਾ ਹੈ,
ਉਸ ਤਾਈਂ ਸਮਝਾਇਆ ਏ,
ਇੱਕ ਬਾਲਕ ਆਇਆ ਏ,,,,,,।

ਉਹ ਬਾਬਾ ਨਾਨਕ ਸੀ ,
ਜਿਸ ਸੱਚ ਉਪਦੇਸ਼ ਦਿੱਤਾ।

ਵਹਿਮਾਂ ਭਰਮਾਂ ਦਾ
ਜਿਸ ਕੱਟ ਕਲੇਸ਼ ਦਿੱਤਾ।

ਸਿੱਧ, ਨਾਥ, ਜੋਗੀ ਸਭ ਨੂੰ
ਪੈਰੀਂ ਪਾਇਆ ਏ।
ਇੱਕ ਬਾਲਕ ਆਇਆ ਏ,,,,,।

ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੇ
ਆਪਣੀ ਜੋਤ ਟਿਕਾ ਦਿੱਤੀ।

ਭਾਈ ਸ਼ਬਦ ਗੁਰੂ ਸਭ ਦਾ ,
ਇਹ ਗੱਲ ਪਕਾ ਦਿੱਤੀ।

ਅੱਜ ਸਿਜਦਾ ਕਰਦੇ ਨੇ,
‘ਪੱਤੋ’ ਸੱਚ ਸੁਣਾਇਆ ਏ।

ਇੱਕ ਬਾਲਕ ਆਇਆ ਏ।
ਉਸ ਜੱਗ ਰੁਸ਼ਨਾਇਆ ਏ।

ਵਰਲਡ ਪੰਜਾਬੀ ਟਾਈਮਜ਼
ਹਰਪ੍ਰੀਤ ਪੱਤੋ

## ਗੁਰੂ ਤੇਗ ਬਹਾਦੁਰ



ਵਰਲਡ ਪੰਜਾਬੀ ਟਾਈਮਜ਼
ਬਲਵਿੰਦਰ 'ਬਾਲਮ' ਗੁਰਦਾਸਪੁਰ

ਸੂਰਜ ਵਾਂਗੂ ਚਮਕ ਰਹੀ ਕੁਰਬਾਨੀ ਗੁਰੂ ਤੇਗ਼ ਬਹਾਦਰ ਦੀ।

ਭਾਰਤ ਦੇ ਸਿਰ ਉਤੇ ਤਾਜ ਜਵਾਨੀ ਗੁਰੂ ਤੇਗ ਬਹਾਦਰ ਦੀ।

ਹਿੰਦੂਆਂ ਲਈ ਕੁਰਬਾਨੀ ਦੇ ਕੇ ਹਿੰਦ ਦੀ ਚਾਦਰ ਅਖਵਾਏ।

ਧਰਮ ਜ਼ਮੀਰ ਆਜ਼ਾਦੀ ਤੇ ਬਲਸ਼ਾਲੀ ਵਾਲੇ ਜਜ਼ਬੇ ਪਾਏ।

ਸਾਰੇ ਵਿਸ਼ਵ ’ਚ ਸਬਰ ਸੰਤੋਖ ਨਿਸ਼ਾਨੀ ਗੁਰੂ ਤੇਗ਼ ਬਹਾਦਰ ਦੀ।

ਸੂਰਜ ਵਾਂਗੂ ਚਮਕ ਰਹੀ ਕੁਰਬਾਨੀ ਗੁਰੂ ਤੇਗ਼ ਬਹਾਦਰ ਦੀ।

ਭਾਈ ਜੈਤਾ ਜੀ ਨੇ ਸੱਚੇ ਅਨੁਯਾਈ ਦੇ ਫ਼ਰਜ਼ ਨਿਭਾਏ।

ਇਸ ਕਰਕੇ ਹੀ ਰੰਘਰੇਟਾ ਗੁਰੂ ਕਾ ਬੇਟਾ ਸੀ ਕਹਿਲਾਏ।

ਇਤਿਹਾਸ ’ਚ ਇਕ ਸਾਗਰ ਵਾਂਗ ਰਵਾਨੀ ਗੁਰੂ ਤੇਗ ਬਹਾਦਰ ਦੀ।

ਸੂਰਜ ਵਾਂਗੂ ਚਮਕ ਰਹੀ ਕੁਰਬਾਨੀ ਗੁਰੂ ਤੇਗ਼ ਬਹਾਦਰ ਦੀ।

ਭਾਈ ਦਿਆਲਾ ਇਕ ਜ਼ਮੀਰ ਸਤੀਦਾਸ ਮਤੀਦਾਸ ਬਹਾਦੁਰ।

ਸਭਨਾਂ ਅਜਬ ਸ਼ਹਾਦਤ ਪਾ ਕੇ ਕੌਮਾ ਚੋਂ ਕੱਢਿਆ ਹੈ ਡਰ।

ਗੌਰਵ ਮਈ ਇਕ ਯਾਦ ਬਣੀ ਲਾਸਾਨੀ ਗੁਰੂ ਤੇਗ ਬਹਾਦੁਰ ਦੀ।

ਸੂਰਜ ਵਾਂਗੂ ਚਮਕ ਰਹੀ ਕੁਰਬਾਨੀ ਗੁਰੂ ਤੇਗ਼ ਬਹਾਦਰ ਦੀ।

ਸਿੱਖ ਇਤਿਹਾਸ ’ਚ ਮਹੱਤਵ ਪੂਰਨ ਕੇਂਦਰ ਦੀ ਕੀਤੀ ਸਿਰਜਨਤਾ।

ਜਿਸ ਵਿਚ ਸ਼ਕਤੀ ਭਗਤੀ ਵਾਲੀ ਫਿਰ ਭਰ ਦਿੱਤੀ ਸੀ ਪੂਰਨਤਾ।

ਆਨੰਦਪੁਰ ਨੇ ਹਸਤੀ ਸੀ ਪਹਿਚਾਣੀ ਗੁਰੂ ਤੇਗ਼ ਬਹਾਦਰ ਦੀ।

ਸੂਰਜ ਵਾਂਗੂ ਚਮਕ ਰਹੀ ਕੁਰਬਾਨੀ ਗੁਰੂ ਤੇਗ਼ ਬਹਾਦਰ ਦੀ।

ਸੰਵੇਦਨ ਸ਼ੀਲ ਤਿਆਗ ਸਬਰ ਦੀ ਇਕ ਜੋਤੀ ਜਗਦੀ ਰਹਿਣੀ।

ਹਰਿਮੰਦਰ ਵਿਚ ਏਸੇ ਕਰਕੇ ਜੋਤ ਇਲਾਹੀ ਮਘਦੀ ਰਹਿਣੀ।

ਮਾਨਵ ਕਦਰਾਂ ਨੈਤਿਕਤਾ ਵਿਚ ਬਾਣੀ ਗੁਰੂ ਤੇਗ ਬਹਾਦਰ ਦੀ।

ਸੂਰਜ ਵਾਂਗੂ ਚਮਕ ਰਹੀ ਕੁਰਬਾਨੀ ਗੁਰੂ ਤੇਗ਼ ਬਹਾਦਰ ਦੀ।

ਬਾਲਮ ਜਿੱਦਾਂ ਅੰਬਰ ਦੇ ਵਿਚ ਨਿੱਤ ਹੀ ਚੜਦੇ ਚੰਨ ਸਿਤਾਰੇ।

ਏਦਾਂ ਸਦੀਆ ਤੀਕਰ ਰਹਿਣੇਂ ਇਹ ਮੰਗਲ ਮਈ ਸੰਦੇਸ਼ ਨਿਆਰੇ।

ਕੌਮਾਂ ਦੇ ਵਿਚ ਜੋਤ ਜਗੇ ਰੂਹਾਨੀ ਗੁਰੂ ਤੇਗ਼ ਬਹਾਦਰ ਦੀ।

ਸੂਰਜ ਵਾਂਗੂ ਚਮਕ ਰਹੀ ਕੁਰਬਾਨੀ ਗੁਰੂ ਤੇਗ਼ ਬਹਾਦਰ ਦੀ।